# ਇਕ ਖੁਸ਼ਹਾਲ ਬ੍ਰਿਟਿਸ਼ ਕੋਲੰਬੀਆ ਦੀ ਸਿਰਜਣਾ

## ਬੱਜਟ 2010 ਦੇ ਮੁੱਖ ਨੁਕਤੇ

## Building a Prosperous British Columbia

BUDGET 2010 HIGHLIGHTS

*ਅਸੀਂ ਚਾਹੁੰਦੇ ਹਾਂ ਕਿ ਬ੍ਰਿਟਿਸ਼ ਕੋਲੰਬੀਆਂ ਵਿਚ ਵਡੇ ਹੋ ਰਹੇ ਨੌਜਵਾਨ ਇਕ ਮੁੜ-ਆਈ ਨਵੀਂ ਖੁਸ਼ਹਾਲੀ ਅਤੇ ਬੇਹੱਦ ਮੌਕੇ ਵਾਲੇ ਭਿਵੱਖ ਨੂੰ ਭਰੋਸੇ ਨਾਲ ਦੇਖ ਸਕਣ।*

## ਮੁੜ-ਨਵੇਂ ਹੋਏ ਆਰਥਿਕ ਵਿਕਾਸ ਦੀ ਨੀਂਹ ਰੱਖਣੀ

ਬੱਜਟ 2010 ਸਾਡੀ ਓਲਿੰਪਿਕ ਖੇਡਾਂ ਤੋਂ ਪੈਦਾ ਹੋਈ ਗਤੀ ਉਤੇ ਚਲਦਾ ਹੋਇਆ ਉਸ ਤਰ੍ਹਾਂ ਦੇ ਸੂਬੇ ਦੀ ਨੀਂਹ ਰਖਦਾ ਹੈ ਜਿਸ ਤਰ੍ਹਾਂ ਦਾ ਸੂਬਾ ਅਸੀਂ ਚਾਹੁੰਦੇ ਹਾਂ, ਅਤੇ ਇਹ ਨੀਂਹ ਕੇਵਲ ਪੰਜ ਜਾਂ 10 ਸਾਲ ਲਈ ਹੀ ਨਹੀਂ ਸਗੋਂ ਆਉਣ ਵਾਲੀਆਂ ਪੁਸ਼ਤਾਂ ਲਈ ਹੈ।

ਬ੍ਰਿਟਿਸ਼ ਕੋਲੰਬੀਆ ਇਕ ਪਹਿਲਾਂ ਕਦੇ-ਨਾ-ਵਾਪਰੇ ਵਿਸ਼ਵ ਆਰਥਿਕ ਮੰਦਵਾੜੇ ਵਿਚੋਂ ਲੰਘਿਆ ਹੈ, ਭਾਵੇਂ ਕੁਝ ਸਮਾਂ ਲੱਗੇਗਾ ਪਰ ਅਸੀਂ ਮੁੜ-ਉਸਾਰੀ (ਰੀਕਵਰੀ) ਦੇ ਰਾਹ ਤੇ ਪੈ ਗਏ ਹਾਂ।

ਬਿਜ਼ਨਸ ਅਤੇ ਖਪਤਕਾਰਾਂ ਵਿਚ ਸਵੈਵਿਸ਼ਵਾਸ ਵਧ ਰਿਹਾ ਹੈ, ਅਤੇ ਆਉਣ ਵਾਲੇ ਸਾਲ ਵਿਚ ਬ੍ਰਿਟਿਸ਼ ਕੋਲੰਬੀਆ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਰਥਿਕ ਵਿਕਾਸ ਵਿਚ ਦੇਸ਼ ਦੇ ਲੀਡਰ ਵਜੋਂ ਉਭਰੇਗਾ।

ਇਸ ਦਾ ਇਕ ਕਾਰਨ 2010 ਵਿਚ ਸਰਦ ਰੁੱਤ ਦੀਆਂ ਓਲਿੰਪਿਕ ਅਤੇ ਪੈਰਾਲਿੰਪਿਕ ਖੇਡਾਂ ਦੀ ਹੁਣ ਤੱਕ ਦੀ ਅਤਿਅੰਤ ਕਾਮਯਾਬੀ ਹੈ, ਪਰ ਇਸ ਵਿਕਾਸ ਅਤੇ ਖੁਸ਼ਹਾਲੀ ਦੀ ਸਟੇਜ ਸੈੱਟ ਕਰਨ ਵਿਚ ਬ੍ਰਿਟਿਸ਼ ਕੋਲੰਬੀਅਨ ਲੋਕਾਂ ਦੀ ਸਖ਼ਤ ਮਿਹਨਤ ਵੀ ਸ਼ਾਮਲ ਹੈ।

ਬੱਜਟ 2010 ਦੇ ਅਧੀਨ, ਸਰਕਾਰ ਲਗਾਤਾਰ ਅਜਿਹੀ ਨੀਤੀਬੱਧ (ਸਟਰੈਟਜਿਕ) ਨਿਵੇਸ਼ (ਇਨਵੈਸਟਮੈਂਟ) ਕਰ ਰਹੀ ਹੈ ਜੋ ਪਰਿਵਾਰਾਂ ਅਤੇ ਨੌਜਵਾਨਾਂ ਨੂੰ 21ਵੀਂ ਸਦੀ ਵਿਚ ਸਹਾਇਤਾ ਦੇਵੇਗੀ, ਸਵੱਛ ਊਰਜਾ ਵਾਲੀਆਂ ਚੋਣਾਂ (ਆਪਸ਼ਨਜ਼) ਨੂੰ ਉਤਸ਼ਾਹਤ ਕਰੇਗੀ, ਮਹੱਤਵ ਪੂਰਨ ਕਮਿਊਨਿਟੀ ਇਨਫਰਾ ਸਟਰਕਚਰ (ਬੁਨਿਆਦੀ ਉਸਾਰੀਆਂ) ਲਈ ਨਿਵੇਸ਼ ਪ੍ਰਦਾਨ ਕਰੇਗੀ, ਅਤੇ ਸਾਰੇ ਬ੍ਰਿਟਿਸ਼ ਕੋਲੰਬੀਅਨ ਲੋਕਾਂ ਲਈ ਸਿਹਤ ਸੰਭਾਲ ਅਤੇ ਵਿਦਿਆ ਸੁਰੱਖਿਅਤ ਬਣਾਵੇਗੀ।

## ਭਵਿੱਖ ਲਈ ਨੀਤੀਬੱਧ ਨਿਵੇਸ਼

**ਬੱਜਟ 2010 ਤਿੰਨ ਕ੍ਰਿਟੀਕਲ (ਕ੍ਰਾਂਤਿਕ) ਖੇਤਰਾਂ ਵਿਚ ਅਮਲ ਕਰ ਰਿਹਾ ਹੈ:**

» ਅਜਿਹੀਆਂ ਜੰਤਕ ਸੇਵਾਵਾਂ ਵਿਚ ਵਾਧਾ ਕਰਨਾ ਜਿਨ੍ਹਾਂ ਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕ ਹਰ ਰੋਜ਼ ਨਿਰਭਰ ਕਰਦੇ ਹਨ।

» ਸਰਕਾਰੀ ਖਰਚਿਆਂ ਨੂੰ ਇਹ ਯਕੀਨੀ ਬਣਾਉਣ ਲਈ ਮੁੜ ਕੇਂਦਰਤ ਕਰਨਾ ਕਿ ਅਸੀਂ ਹਰ ਖਰਚ ਕੀਤੇ ਡਾਲਰ ਤੋਂ ਵੱਧ ਤੋਂ ਵੱਧ ਲਾਭ ਉਠਾ ਸਕੀਏ ਅਤੇ 2013 ਵਿਚ ਸੰਤੁਲਤ ਬੱਜਟ ਤੇ ਵਾਪਸ ਆਉਣ ਲਈ ਲੀਹ ਤੇ ਰਹੀਏ।

» ਆਰਥਿਕ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਅਤੇ ਕੈਨੇਡਾ ਵਿਚ ਨੌਕਰੀਆਂ ਪੈਦਾ ਕਰਨ ਵਾਲੇ ਲੀਡਰ ਵਜੋਂ ਆਪਣਾ ਰੋਲ ਮੁੜ ਸਥਾਪਤ ਕਰਨ ਲਈ ਕਈ ਪਹਿਲ-ਕਦਮੀਆਂ ਨਾਲ ਅੱਗੇ ਵਧਣਾ।

BRITISH COLUMBIA
The Best Place on Earth

**2010 ਗੇਮਾਂ ਅਤੇ ਕਲਾਵਾਂ ਦਾ ਵਿਰਸਾ**



**30 ਮਿਲੀਅਨ ਡਾਲਰ**
ਨੌਜਵਾਨਾਂ ਲਈ ਖੇਡਾਂ ਵਿਚ ਹਿੱਸਾ ਲੈਣ ਵਾਸਤੇ



**30 ਮਿਲੀਅਨ ਡਾਲਰ**
ਸੂਬੇ ਦੀਆਂ ਕਲਾਵਾਂ ਵਿਚ ਨਿਵੇਸ਼ ਵਾਸਤੇ

## ਅਤਿ-ਜ਼ਰੂਰੀ ਜੰਨਤਕ ਸੇਵਾਵਾਂ ਲਈ ਸਹਾਇਤਾ

ਬੱਜਟ 2010 ਰਾਹੀਂ ਅਸੀਂ ਉਸ ਚੀਜ਼ ਤੇ ਉਸਾਰੀ ਕਰ ਰਹੇ ਹਾਂ ਜੋ ਵਿਵਾਦਪੂਰਨ (ਆਰਗੁਏਬਲੀ) ਸਾਡੀ ਸਭ ਤੋਂ ਵੱਡੀ ਤਾਕਤ ਹੈ – ਇਹ ਹੈ ਬ੍ਰਿਟਿਸ਼ ਕੋਲੰਬੀਆ ਦੀ ਬੇਜੋੜ, ਅਤੇ ਅਕਸਰ ਈਰਖਾ ਨਾਲ ਦੇਖੀ ਜਾਂਦੀ, ਜ਼ਿੰਦਗੀ ਦੀ ਖੂਬੀ। ਇਹ ਮਨੋਰਥ ਅਸੀਂ ਇਸ ਤਰ੍ਹਾਂ ਪੂਰਾ ਕਰ ਰਹੇ ਹਾਂ: ਪਰਿਵਾਰਾਂ ਦੀ ਵਧੇਰੇ ਨੌਕਰੀਆਂ ਨਾਲ ਜ਼ਿੰਦਗੀ ਚੰਗੇਰੀ ਬਣਾ ਕੇ, ਪੁੱਜਤ ਵਾਲੇ ਹੋਰ ਰਿਹਾਇਸ਼ੀ ਘਰ ਬਣਾ ਕੇ, ਬੱਚਿਆਂ ਲਈ ਹੋਰ ਸਹਾਇਤਾ ਪ੍ਰਦਾਨ ਕਰਕੇ, ਅਤੇ ਮਜ਼ਬੂਤ, ਵਧੇਰੇ ਝੂਮਦੀਆਂ, ਵਧੇਰੇ ਰਹਿਣ-ਯੋਗ ਕਮਿਊਨਿਟੀਆਂ ਦੀ ਉਸਾਰੀ ਕਰ ਕੇ।

## ਹੋਰ ਪੁੱਜਤ ਵਾਲੇ ਮਕਾਨ

ਅਸੀਂ, ਗ੍ਰੇਟਰ ਵੈਨਕੂਵਰ, ਫਰੇਜ਼ਰ ਵੈੱਲੀ, ਅਤੇ ਕੈਪੀਟਲ ਰੀਜਨਲ ਡਿਸਟ੍ਰਿਕਟਾਂ ਤੋਂ ਬਾਹਰ ਰਹਿਣ ਵਾਲੇ ਬ੍ਰਿਟਿਸ਼ ਕੋਲੰਬੀਅਨ ਲੋਕਾਂ ਨੂੰ ਨਾਰਦਰਨ ਐਂਡ ਰੂਰਲ ਹੋਮ ਓਨਰ ਬੈਨਿਫਿਟ ਪ੍ਰਦਾਨ ਕਰਨ ਲਈ ਆਪਣੇ ਵਚਨ ਤੇ ਪੱਕੇ ਹਾਂ। ਇਹ ਬੈਨਿਫਿਟ ਸੰਨ 2011 ਵਿਚ ਆਰੰਭ ਹੋਵੇਗਾ ਅਤੇ 200 ਡਾਲਰ ਤੱਕ ਮਿਲੇਗਾ – ਇਹ ਹੋਮ ਓਨਰ ਗਰਾਂਟ ਤੋਂ ਵੱਖਰਾ ਹੋਵੇਗਾ।

ਕਈ ਲੋਕ ਆਪਣੇ ਪ੍ਰਾਪਟੀ ਟੈਕਸ ਲਈ 770 ਡਾਲਰ ਪ੍ਰਤਿ ਸਾਲ ਪ੍ਰਾਪਤ ਕਰ ਸਕਣਗੇ। ਸੀਨੀਅਰ 1045 ਡਾਲਰ ਤੱਕ ਪ੍ਰਾਪਤ ਕਰ ਸਕਣਗੇ। ਅਤੇ ਇਸ ਸਾਲ ਤੋਂ ਆਰੰਭ ਕਰਕੇ 18 ਸਾਲ ਤੋਂ ਘੱਟ ਬੱਚਿਆਂ ਵਾਲੇ ਪਰਿਵਾਰ ਆਪਣੇ ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨ ਜਾਂ ਨਾ ਕਰਨ ਦੀ ਚੋਣ ਕਰ ਸਕਣਗੇ।

## ਬੱਚਿਆਂ ਅਤੇ ਪਰਿਵਾਰਾਂ ਲਈ ਹੋਰ ਸਹਾਇਤਾ

ਬੱਜਟ 2010, ਘੱਟ ਅਤੇ ਦਰਮਿਆਨੀ (ਮਾਡਰੇਟ) ਆਮਦਨੀ ਵਾਲੇ ਮਾਪਿਆਂ ਨੂੰ ਹੋਰ ਸਹਾਇਤਾ ਪ੍ਰਦਾਨ ਕਰਦਾ ਹੈ। ਅਗਲੇ ਤਿੰਨ ਸਾਲਾਂ ਦੌਰਾਨ ਅਸੀਂ ਬੱਚਿਆਂ ਦੀ ਸੰਭਾਲ ਲਈ ਇਮਦਾਦ (ਚਾਇਲਡ-ਕੇਅਰ ਸਬਸਿਡੀਜ਼) ਵਿਚ 26 ਮਿਲੀਅਨ ਡਾਲਰ ਦੀ ਹੋਰ ਨਿਵੇਸ਼ (ਇਨਵੈਸਟਮੈਂਟ) ਕਰਾਂਗੇ ਜੋ ਤਕਰੀਬਨ ਹਰ ਮਹੀਨੇ 28,000 ਬੱਚਿਆਂ ਦੀ ਸੰਭਾਲ ਦੇ ਖਰਚੇ ਬਰਾਬਰ ਹੋਵੇਗੀ।

ਬੱਜਟ 2010 ਵਿਚ ਛੋਟੇ ਬ੍ਰਿਟਿਸ਼ ਕੋਲੰਬੀਅਨ ਜਵਾਨਾਂ ਨੂੰ ਖੇਡਾਂ ਵਿਚ ਅੱਗੇ ਵਧਣ ਲਈ ਸਹਾਇਤਾ ਦੇਣ ਵਾਸਤੇ ਨਵੀਆਂ ਰਕਮਾਂ ਦੀ ਨਿਵੇਸ਼ ਦਾ ਪ੍ਰਬੰਧ ਹੈ। ਅਗਲੇ ਤਿੰਨ ਸਾਲਾਂ ਵਿਚ ਸਰਕਾਰ 2010 ਦੀਆਂ ਖੇਡਾਂ ਅਤੇ ਕਲਾਵਾਂ ਦੇ ਵਿਰਸੇ ਵਜੋਂ 60 ਮਿਲੀਅਨ ਡਾਲਰ ਰਾਖਵੇਂ ਰੱਖ ਰਹੀ ਹੈ। ਅੱਧੇ ਫੰਡ ਜਵਾਨਾਂ ਦੀ ਖੇਡਾਂ ਵਿਚ ਸ਼ਮੂਲੀਅਤ ਵਧਾਉਣ ਲਈ ਅਤੇ ਐਥਲੀਟਾਂ ਅਤੇ ਕੋਚਾਂ ਨੂੰ ਹੋਰ ਵਿਕਸਤ ਕਰਨ ਲਈ ਹੈ। ਹੋਰ 30 ਮਿਲੀਅਨ ਡਾਲਰ ਸੂਬੇ ਦੀ ਮੌਜੂਦਾ ਕਲਾ ਅਤੇ ਸਭਿਆਚਾਰ ਦੀ ਨਿਵੇਸ਼ ਵਿਚ ਵਾਧਾ ਕਰਨ ਲਈ ਹੋਣਗੇ।

ਸਰਕਾਰ ਆਪਣਾ ਪੰਜ ਸਾਲਾਂ ਦੇ ਬੱਚਿਆਂ ਵਾਸਤੇ ਪੂਰੇ ਦਿਨ ਲਈ ਕਿੰਡਰਗਾਰਡਨ ਪ੍ਰਦਾਨ ਕਰਨ ਦਾ ਵਾਅਦਾ ਨਿਭਾ ਰਹੀ ਹੈ। ਇਹ ਪ੍ਰੋਗਰਾਮ ਇਸ ਸਤੰਬਰ ਤੋਂ ਆਰੰਭ ਕੀਤਾ ਜਾ ਰਿਹਾ ਹੈ ਅਤੇ ਜਦੋਂ ਇਹ ਪੂਰੀ ਤਰ੍ਹਾਂ ਚੱਲਣ ਲੱਗ ਪਿਆ ਤਾਂ 2012 ਤੱਕ ਇਸ ਲਈ ਸਾਲਾਨਾ ਫੰਡਿੰਗ 129 ਮਿਲੀਅਨ ਡਾਲਰ ਹੋ ਜਾਵੇਗੀ।

ਬੱਜਟ 2010 ਤਿੰਨ ਸਾਲਾਂ ਲਈ 150 ਮਿਲੀਅਨ ਡਾਲਰ ਹੋਰ ਪ੍ਰਦਾਨ ਕਰ ਰਿਹਾ ਹੈ ਜਿਸ ਨਾਲ ਅਧਿਆਪਕਾਂ ਦੀਆਂ ਤਨਖਾਹਾਂ ਅਤੇ ਬੈਨਿਫਿਟ ਪੂਰੀ ਤਰ੍ਹਾਂ ਦਿਤੇ ਜਾ ਸਕਣਗੇ ਅਤੇ ਹੋਰ ਖਰਚਿਆਂ ਦਾ ਭਾਰ ਵੀ ਚੁੱਕਿਆ ਜਾ ਸਕੇਗਾ।

ਅਗਲੇ ਸਾਲ ਪ੍ਰਤਿ ਵਿਦਿਆਰਥੀ ਫੰਡਿੰਗ ਵਧ ਕੇ 8,301 ਡਾਲਰ ਹੋ ਜਾਵੇਗੀ। ਇਹ ਬ੍ਰਿਟਿਸ਼ ਕੋਲੰਬੀਆਂ ਵਿਚ ਹੁਣ ਤੱਕ ਦੀ ਸਭ ਤੋਂ ਵੱਧ ਰਕਮ ਹੈ। ਅਤੇ ਅਸੀਂ ਸਕੂਲ ਡਿਸਟ੍ਰਿਕਟਾਂ ਨੂੰ ਹੁਣ ਤੋਂ ਲੈ ਕੇ ਮਾਰਚ 2011 ਤੱਕ ਸਾਲਾਨਾ ਫਸਿੱਲਟੀਜ਼ ਗਰਾਂਟ ਵਜੋਂ 110 ਮਿਲੀਅਨ ਡਾਲਰ ਪ੍ਰਦਾਨ ਕਰਾਂਗੇ।

## ਸਿਹਤ ਸੰਭਾਲ ਲਈ ਹੋਰ ਜਾਰੀ-ਰਹਿਣ-ਯੋਗ (ਸਸਟੇਨੇਬਲ) ਸਹਾਇਤਾ

ਬੱਜਟ 2010 ਸਿਹਤ ਸੇਵਾਵਾਂ ਲਈ 447 ਮਿਲੀਅਨ ਡਾਲਰ ਦੀ ਨਵੀਂ ਸਹਾਇਤਾ ਪ੍ਰਦਾਨ ਕਰਦਾ ਹੈ – ਜਿਸ ਨਾਲ 2009/10 ਤੋਂ ਲੈ ਕੇ ਕੁੱਲ ਬੱਜਟ ਵਿਚ ਵਾਧਾ 2 ਬਿਲੀਅਨ ਡਾਲਰ ਤੋਂ ਵੱਧ ਬਣ ਜਾਂਦਾ ਹੈ। ਇਹ ਬੱਜਟ 2010 ਵਿਚ ਮਨਜ਼ੂਰ ਕੀਤੇ ਫੰਡਾਂ ਦੇ ਸਾਰੇ ਵਾਧੇ ਦਾ ਸਭ ਤੋਂ ਵਡਾ ਭਾਗ ਹੈ। ਇਸ 2 ਬਿਲੀਅਨ ਡਾਲਰ ਫੰਡਿੰਗ ਦੇ ਵਾਧੇ ਵਿਚੋਂ:

» 1.3 ਬਿਲੀਅਨ ਡਾਲਰ ਅਗੇਤੀਆਂ (ਫਰੰਟ-ਲਾਈਨ) ਸੇਵਾਵਾਂ ਲਈ ਸਿਹਤ ਅਧਿਕਾਰੀਆਂ ਨੂੰ ਦਿਤੇ ਜਾਣਗੇ।

» 145 ਮਿਲੀਅਨ ਡਾਲਰ ਫਾਰਮਾਕੇਅਰ ਲਈ ਦਿਤੇ ਜਾਣਗੇ।

» 52 ਮਿਲੀਅਨ ਡਾਲਰ ਐਂਬੂਲੈਂਸ ਅਤੇ ਟੈਲੀ-ਹੈਲਥ ਸੇਵਾਵਾਂ ਵਿਚ ਸੁਧਾਰ ਲਈ ਵਰਤੇ ਜਾਣਗੇ।

» 514 ਮਿਲੀਅਨ ਡਾਲਰ ਡਾਕਟਰੀ ਅਤੇ ਲੈਬਾਰਟਰੀ ਸੇਵਾਵਾਂ ਲਈ ਮੈਡੀਕਲ ਸਰਵਸਿਜ਼ ਪਲੈਨ ਨੂੰ ਦਿਤੇ ਜਾਣਗੇ।

ਜਦੋਂ ਜੁਲਾਈ ਵਿਚ ਹਾਰਮਨਾਇਜ਼ਡ ਸੇਲਜ਼ ਟੈਕਸ (ਐਚ.ਐਸ.ਟੀ.) ਲਾਗੂ ਹੋ ਗਿਆ ਤਾਂ ਇਸ ਟੈਕਸ ਚੋਂ ਆਮਦਨੀ ਦਾ ਹਰ ਡਾਲਰ ਸਿਹਤ ਸੰਭਾਲ ਲਈ ਵਰਤਿਆ ਜਾਵੇਗਾ, ਅਤੇ ਇਸ ਦੇ ਨਾਲ ਹੀ ਹਰ ਉਹ ਡਾਲਰ ਵੀ ਵਰਤਿਆ ਜਾਵੇਗਾ ਜੋ ਐਮ.ਐਸ.ਪੀ ਦੀਆਂ ਪ੍ਰੀਮੀਅਮ ਕਿਸ਼ਤਾਂ ਤੋਂ, ਤੰਬਾਕੂ ਦੇ ਟੈਕਸ ਤੋਂ, ਸਿਹਤ ਦੇ ਸਪੈਸ਼ਲ ਫੰਡ ਅਤੇ ਫੈਡਰਲ ਹੈਲਥ ਟ੍ਰਾਂਸਫਰ ਵਿਚ ਲਾਟਰੀ ਦੀ ਆਮਦਨੀ ਤੋਂ ਮਿਲੇਗਾ।

### ਸਿਹਤ ਸੇਵਾਵਾਂ ਦੀ ਮਨਿਸਟਰੀ ਦੇ ਬੱਜਟ ਵਿਚ ਵਾਧੇ




*ਐਚ.ਐਸ.ਟੀ. ਦੀ ਆਮਦਨੀ ਦਾ ਹਰ ਡਾਲਰ – ਚਾਰ ਹੋਰ ਆਮਦਨੀ ਦੇ ਸੋਮਿਆਂ ਸਮੇਤ – ਸਿੱਧੇ ਤੌਰ ਤੇ ਬੀ.ਸੀ. ਸਿਹਤ ਸੰਭਾਲ ਦੀ ਫੰਡਿੰਗ ਨਾਲ ਜੋੜਿਆ ਜਾਵੇਗਾ।*

*ਇਕ ਵਾਰ ਜਦੋਂ ਅਸੀਂ ਸੰਤੁਲਤ ਬੱਜਟਾਂ ਤੇ ਪਹੁੰਚ ਗਏ , ਤਾਂ ਜੋ ਵੀ ਵਾਧੇ ਹੋਣਗੇ ਅਸੀਂ ਉਹਨਾਂ ਨੂੰ ਸਿੱਧੇ ਸੂਬੇ ਦਾ ਚਾਲੂ (ਆਪਰੇਟਿੰਗ) ਕਰਜਾ ਲਾਹੁਣ ਲਈ ਵਰਤਾਂਗੇ... ਜੋ ਇਕ ਖੁਸ਼ਹਾਲ ਬ੍ਰਿਟਿਸ਼ ਕੋਲੰਬੀਆ ਲਈ ਸਾਡੀ ਲੰਮੇ ਸਮੇਂ ਦੀ ਪਲੈਨ ਦਾ ਭਾਗ ਹੈ।*

## ਸੰਤੁਲਤ ਬੱਜਟ: ਇਕ ਆਰਥਿਕ ਅਤੇ ਸਮਾਜਿਕ ਜ਼ਿੰਮੇਵਾਰੀ

ਬੱਜਟ 2010, ਜਿਵੇਂ ਕਿ ਪਲੈਨ ਕੀਤਾ ਗਿਆ ਹੈ, ਸਰਕਾਰ ਦੀ 2013/14 ਤੱਕ ਸੰਤੁਲਤ ਬੱਜਟਾਂ ਤੱਕ ਵਾਪਸੀ ਬਾਰੇ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।

ਜਿੰਨਾ ਚਿਰ ਅਸੀਂ ਆਪਣੀਆਂ ਸੇਵਾਵਾਂ ਉਤੇ ਆਮਦਨੀ ਤੋਂ ਵੱਧ ਪੈਸਾ ਖਰਚ ਕਰ ਕੇ ਜਿਉਂ ਰਹੇ ਹਾਂ, ਅਸੀਂ ਕੇਵਲ ਆਪਣੇ ਹੀ ਵਸੀਲਿਆਂ ਤੋਂ ਵੱਧ ਖਰਚ ਕਰ ਕੇ ਨਹੀਂ ਜਿਉਂ ਰਹੇ ਸਗੋਂ ਸਾਡੀਆਂ ਅਗਲੀਆਂ ਪੀੜ੍ਹੀਆਂ ਦੇ ਵਸੀਲਿਆਂ ਤੋਂ ਵੀ ਵੱਧ ਖਰਚ ਕਰ ਰਹੇ ਹਾਂ।

ਲਗਾਤਾਰ ਆਰਥਕ ਅਨੁਸ਼ਾਸਨ (ਡਸਿਪਲਨ) ਲਾਜ਼ਮੀ ਹੈ, ਅਤੇ ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਆਰਥਿਕਤਾ (ਇਕਾਨੋਮੀ) ਨੂੰ ਵਾਪਸ ਖੁਸ਼ਹਾਲੀ ਵੱਲ ਲਿਜਾਵੇ ਅਤੇ ਜੰਨਤਕ ਮਾਲੀ-ਹਾਲਤ (ਫਾਇਨੈਂਸਜ਼) ਨੂੰ ਫੇਰ ਸੰਤੁਲਤ ਬਣਾਵੇ।

ਸਾਡੇ ਲਈ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ, ਪਹਿਲਾਂ ਹੀ ਖਰਚੇ ਲਈ ਪ੍ਰਦਾਨ ਕੀਤੇ ਵਾਧਿਆਂ ਵਿਚ ਰਹਿ ਕੇ, ਨਵੇਂ ਢੰਗ ਲਭਣੇ ਜ਼ਰੂਰੀ ਹਨ।

**ਸੰਤੁਲਤ ਬੱਜਟ 2013/14 ਤੱਕ**



## *ਬੀ.ਸੀ. ਨੂੰ ਮੁਕਾਬਲੇ ਵਿਚ ਮੂਹਰੇ ਰੱਖਣਾ*

ਜੁਲਾਈ 1, 2010 ਨੂੰ ਆਰੰਭ ਹੋਣ ਵਾਲੇ ਐਚ.ਐਸ.ਟੀ. – ਜੋ ਕਿ 12 ਪ੍ਰਤਿਸ਼ਤ ਦੀ ਦਰ ਤੇ ਕੈਨੇਡਾ ਵਿਚ ਸਭ ਤੋਂ ਘੱਟ ਹੈ – ਨੂੰ ਆਮ ਤੌਰ ਤੇ ਇਕੋ ਇਕ ਸਭ ਤੋਂ ਮਹੱਤਵ ਪੂਰਨ ਅਜਿਹਾ ਕਦਮ ਸਮਝਿਆ ਜਾਂਦਾ ਹੈ ਜੋ ਬ੍ਰਿਟਿਸ਼ ਕੋਲੰਬੀਅ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਚੁੱਕ ਸਕਦਾ ਹੈ।

ਐਚ.ਐਸ.ਟੀ. ਨਵੀਂ ਨਿਵੇਸ਼ (ਇਨਵੈਸਟਮੈਂਟ) ਉਤੇ ਟੈਕਸ 40 ਪ੍ਰਤਿਸ਼ਤ ਘਟਾ ਦੇਵੇਗਾ, ਜਿਸ ਨਾਲ ਸੂਬੇ ਦੇ ਹਰ ਭਾਗ ਵਿਚ ਨੌਕਰੀਆਂ ਅਤੇ ਨਵੇਂ ਮੌਕੇ ਪੈਦਾ ਕਰਨ ਵਿਚ ਸਹਾਇਤਾ ਮਿਲੇਗੀ ਅਤੇ ਸਾਡੀਆਂ ਰੀਸੋਰਸ ਇੰਡਸਟਰੀਆਂ (ਸੰਨਅਤਾਂ) ਨੂੰ ਨਵਾਂ ਉਤਸ਼ਾਹ ਮਿਲੇਗਾ ।

ਬ੍ਰਿਟਿਸ਼ ਕੋਲੰਬੀਆ ਦੇ ਮਾਈਨਿੰਗ ਫਲੋਅ-ਥਰੂ ਸ਼ੇਅਰ ਟੈਕਸ ਕਰੈਡਿਟ ਨੂੰ ਤਿੰਨ ਹੋਰ ਸਾਲਾਂ ਲਈ ਵਧਾਇਆ ਜਾ ਰਿਹਾ ਹੈ, ਭਾਵ 2013 ਤੱਕ। ਇਹ ਇੰਡਸਟਰੀ ਦੀ ਸਥਿਤੀ ਨਿਸਚਿਤ ਬਣਾਉਣ ਵਿਚ ਹੋਰ ਵਾਧਾ ਕਰੇਗਾ।

ਇਕ ਕੰਪੈਟੇਟਿਵ (ਮੁਕਾਬਲੇ ਵਿਚ ਚੱਲ ਰਹੀ) ਆਰਥਿਕਤਾ ਵਾਸਤੇ ਲੋਕਾਂ ਅਤੇ ਵਸਤਾਂ ਨੂੰ ਕੁਸ਼ਲਤਾ ਨਾਲ ਇਧਰ ਉਧਰ ਲਿਜਾਣ ਲਈ ਨਵੀਨ ਆਵਾਜਾਈ ਦੇ ਸਿਸਟਮ ਦੀ ਵੀ ਲੋੜ ਹੁੰਦੀ ਹੈ। ਬੱਜਟ 2010 ਵਿਚ ਤਿੰਨ ਸਾਲਾਂ ਦੌਰਾਨ ਆਵਾਜਾਈ ਦੀ ਪਲੈਨ ਵਿਚ ਨਿਵੇਸ਼ ਕਰਨ ਲਈ 2.7 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ ਅਤੇ 1.3 ਬਿਲੀਅਨ ਡਾਲਰ ਹੋਰ ਫੈਡਰਲ ਕਾਸਟ-ਸ਼ੇਅਰਿੰਗ ਅਤੇ ਹੋਰ ਭਾਈਵਾਲੀਆਂ ਰਾਹੀਂ ਲੈਵਰਿਜ (ਉਧਾਰ) ਕੀਤੇ ਗਏ ਹਨ।

ਬ੍ਰਿਟਿਸ਼ ਕੋਲੰਬੀਆ ਵਿਚ ਹੁਣ ਸੈਂਕੜੇ ਤੇਜ਼ ਕੀਤੇ ਗਏ ਇਨਫਰਾ ਸਟਰਕਚਰ ਪ੍ਰਾਜੈਕਟ ਚੱਲ ਰਹੇ ਹਨ ਜੋ, ਸੋਸ਼ਲ ਹਾਊਜ਼ਿੰਗ, ਹਸਪਤਾਲ, ਸਕੂਲ, ਸੜਕਾਂ ਅਤੇ ਕਮਿਉਨਿਟੀ ਸਹੂਲਤਾਂ ਪੈਦਾ ਕਰਦ ਹੋਏ, ਸਾਡੀ ਨੌਕਰੀਆਂ ਪੈਦਾ ਕਰਨ ਦੀ ਪਲੈਨ ਦਾ ਹਿੱਸਾ ਹਨ। ਬੀ.ਸੀ. ਭਰ ਵਿਚ 850 ਤੋਂ ਵੱਧ ਤੇਜ਼ ਕੀਤੇ ਗਏ ਕੈਪੀਟਲ ਪ੍ਰਾਜੈਕਟਾਂ ਲਈ 5.3 ਬਿਲੀਅਨ ਡਾਲਰ ਰੱਖੇ ਗਏ ਹਨ ਜਿਨ੍ਹਾਂ ਨਾਲ ਉਸਾਰੀ ਦੇ ਖੇਤਰ ਵਿਚ ਤਕਰੀਬਨ 34,000 ਨੌਕਰੀਆਂ ਪੈਦਾ ਕੀਤੀਆਂ ਅਤੇ ਬਚਾਈਆਂ ਜਾਣਗੀਆਂ ਜੋ ਪ੍ਰਾਜੈਕਟਾਂ ਦੀ ਉਮਰ ਤੱਕ ਰਹਿਣਗੀਆਂ।

*ਇਹ ਸਰਕਾਰ ਹਮੇਸ਼ਾ ਮਜ਼ਬੂਤ ਤੇ ਜ਼ਿਆਦਾ ਮੁਕਾਬਲੇ ਦੀ ਅਰਥਿਕਤਾ ਪੈਦਾ ਕਰਨ ਲਈ ਵਚਨਬੱਧ ਰਹੀ ਹੈ। ਨਵੀਆਂ ਨੌਕਰੀਆਂ, ਨਵੇਂ ਨਿਵੇਸ਼ ਅਤੇ ਆਰਥਿਕ ਵਿਕਾਸ ਨਾਲ ਬੀ.ਸੀ. ਵਿਚ ਸੰਭਾਵੀ ਮੌਕੇ ਲਾਜਵਾਬ ਹਨ।*

**ਤੇਜ਼ ਕੀਤੇ ਇਨਫਰਾ ਸਟਰਕਚਰ ਨਿਵੇਸ਼ਾਂ ਦੀ ਲਾਗਤ ਵੰਡੀ ਗਈ ਹੈ**



*ਸਾਡੇ ਲਈ ਹੁਣ ਕੁਝ ਕੁੰਜੀਵਤ ਵਿਕਸਤ ਹੋ ਰਹੇ ਖੇਤਰਾਂ ਵਿਚ ਵਿਸ਼ਵ-ਪੱਧਰ ਦੀ ਨਿਪੁੰਨਤਾ ਹੋਣ ਕਰਕੇ, ਬ੍ਰਿਟਿਸ਼ ਕੋਲੰਬੀਆਂ ਨੂੰ ਸਭ ਤੋਂ ਉਤਮ ਦਰਜੇ ਦਾ ਕੇਂਦਰ ਬਣਾਉਣ ਲਈ ਮਹਾਨ ਮੌਕਾ ਹੈ।*

## ਅੰਤਰਰਾਸ਼ਟਰੀ ਵਪਾਰ

ਸਰਕਾਰ, ਬੀ.ਸੀ. ਨੂੰ ਅੰਤਰਰਾਸ਼ਟਰੀ ਵਪਾਰ ਦਾ ਧੁਰਾ ਬਣਾਉਣ ਵਾਸਤੇ ਇਸ ਦੀਆਂ ਸੰਭਾਵਨਾਵਾਂ ਨੂੰ ਜ਼ਿਆਦਾ ਵਿਕਸਤ ਕਰਨ ਲਈ ਕਦਮ ਚੁੱਕ ਰਹੀ ਹੈ। ਇਸ ਕੁੰਜੀਵਤ ਸੈਕਟਰ ਦਾ ਸਾਡੀ ਆਰਥਿਕਤਾ ਵਿਚ ਹਿੱਸਾ ਵਧਦਾ ਜਾ ਰਿਹਾ ਹੈ ਅਤੇ 2010 ਦੀਆਂ ਓਲਿੰਪਿਕਸ ਹੋਸਟ ਕਰਨ ਨਾਲ ਜੋ ਵਿਸ਼ਵ ਪੱਧਰ ਤੇ ਸਾਡਾ ਪ੍ਰਭਾਵ ਉਘੜਿਆ ਹੈ, ਇਸ ਨਾਲ ਹੋਰ ਵਿਕਾਸ ਦੀਆਂ ਸੰਭਾਵਨਾਵਾਂ ਅਤਿਅੰਤ ਹਨ।

ਬੀ.ਸੀ. ਦੇ ਡਿਜੀਟਲ ਮੀਡੀਆ ਸੈਕਟਰ ਵਿਚ ਹੁਣ 15,000 ਲੋਕ ਨੌਕਰੀ ਕਰਦੇ ਹਨ। ਬੀ.ਸੀ. ਵਿਚ ਇੰਟਰਐਕਟਿਵ ਡਿਜੀਟਲ ਮੀਡੀਆ ਲਈ ਕਰੈਡਿਟ ਅਤੇ ਸੂਬਾਈ ਫਿਲਮ ਟੈਕਸ ਕਰੈਡਿਟ ਵਿਚ ਤਬਦੀਲੀਆਂ ਕੀਤੀਆਂ ਗਈਆਂ ਹਨ, ਅਤੇ ਜੇ ਇਹਨਾਂ ਨਾਲ ਬੀ.ਸੀ. ਵਿਚ ਹੋਰ ਫਾਇਦੇ ਵਾਲੀਆਂ ਗੱਲਾਂ ਜੋੜ ਦਿੱਤੀਆਂ ਜਾਣ ਜਿਨ੍ਹਾਂ ਵਿਚ ਸ਼ਾਮਲ ਹਨ ਇਨਕਮ ਟੈਕਸ ਦੇ ਰੇਟਾਂ ਵਿਚ ਤਬਦੀਲੀਆਂ, ਅਤੇ ਉਚਪਾਏ ਦੇ ਹੁਨਰਮੰਦ, ਸਿਖਲਾਈ-ਪ੍ਰਾਪਤ ਕਾਮੇ, ਤਾਂ ਇਹ ਸਭ ਕੁਝ ਬੀ.ਸੀ. ਨੂੰ ਫਿਲਮ ਅਤੇ ਮੀਡੀਆਂ ਦੀਆਂ ਕੇਂਦਰਤ ਹੋ ਰਹੀਆਂ ਇੰਡਸਟਰੀਆਂ ਦੇ ਸਭ ਤੋਂ ਮੂਹਰੇ ਲਿਆ ਖੜ੍ਹਾ ਕਰੇਗਾ।

ਬੀ.ਸੀ. ਕੋਲ ਅਜੇ ਤੱਕ ਅਜਿਹੀਆਂ ਅਣ-ਗੌਲੀ ਸਮਰੱਥਾ ਹੈ ਜਿਸ ਨੂੰ ਨਵਾਂ ਧਨ ਪੈਦਾ ਕਰਨ ਲਈ ਅਤੇ ਸਾਡੀਆਂ ਕਮਿਉਨਿਟੀਆਂ ਵਿਚ ਨਵੀਆਂ ਨੌਕਰੀਆਂ ਪੈਦਾ ਕਰਨ ਲਈ ਵਰਤਿਆ ਜਾ ਸਕਦਾ ਹੈ ਤੇ ਇਸ ਦੇ ਨਾਲ ਨਾਲ ਅਸੀਂ ਗਰੀਨਹਾਊਸ ਗੈਸਾਂ ਵੀ ਘਟਾ ਸਕਾਂਗੇ। ਨਵੇਂ ਕਲਾਈਮੇਟ ਐਕਸ਼ਨ ਅਤੇ ਸਵੱਛ ਉਰਜਾ (ਕਲੀਨ ਐਨਰਜੀ) ਨੂੰ ਵਿਕਸਤ ਕਰਨ ਲਈ 100 ਮਿਲੀਅਨ ਡਾਲਰ ਦੀ ਫੰਡਿੰਗ ਨਵੀਆਂ ਤੇ ਸਵੱਛ ਉਰਜਾ ਦੀਆਂ ਤਕਨਾਲੋਜੀਆਂ ਦੇ ਵਪਾਰਕ ਪੱਧਰ ਦੇ ਵਿਕਾਸ ਨੂੰ ਹੋਰ ਯਕੀਨੀ ਬਣਾ ਦੇਵੇਗੀ। ਸਰਕਾਰ ਤਿੰਨਾ ਸਾਲਾਂ ਦੇ ਸਮੇਂ ਲਈ 35 ਮਿਲੀਅਨ ਡਾਲਰ ਹੋਰ ਪ੍ਰਦਾਨ ਕਰ ਰਹੀ ਹੈ ਜੋ ਲਾਈਵਸਮਾਰਟ ਬੀ.ਸੀ.: ਐਫੀਸ਼ਿਐਂਸੀ ਇਨਸੈਂਟਿਵ ਪ੍ਰੋਗਰਾਮ ਵਾਸਤੇ ਹੈ।

ਸਵੱਛ ਤਕਨਾਲੋਜੀ ਬਿਜ਼ਨਸ ਬੀ.ਸੀ. ਵਿਚ ਹੁਣ 18,000 ਲੋਕਾਂ ਨੂੰ ਨੌਕਰੀਆਂ ਪ੍ਰਦਾਨ ਕਰ ਰਹੇ ਹਨ ਅਤੇ ਸਾਡੀ ਆਰਥਿਕਤਾ ਵਿਚ ਸਾਲਾਨਾ 2 ਬਿਲੀਅਨ ਡਾਲਰ ਦਾ ਯੋਗਦਾਨ ਪਾ ਰਹੇ ਹਨ। ਇਨਵਾਇਰਨਮੈਂਟ ਨਾਲ ਸੰਬੰਧਤ ਵਸਤਾਂ ਅਤੇ ਸੇਵਾਵਾਂ ਦੀ ਗਲੋਬਲ ਮੰਡੀ 2020 ਤੱਕ ਵਧ ਕੇ ਦੂਣੀ ਹੋਣ ਦੀ ਉਮੀਦ ਹੈ ਅਤੇ ਸਾਡੇ ਕੋਲ ਇਸ ਮੰਡੀ ਦਾ ਹੁਣ ਨਾਲੋਂ ਵੀ ਵੱਡਾ ਹਿੱਸਾ ਜਿੱਤ ਲੈਣ ਦਾ ਮੌਕਾ ਹੈ।

**ਸੰਨ 2001 ਤੋਂ ਲੈ ਕੇ ਕਾਰਪੋਰੇਟ ਇਨਕਮ ਟੈਕਸ ਵਿਚ ਕਟੌਤੀਆਂ**




* 2011 ਤੋਂ ਲਾਗੂ
** ਅਪ੍ਰੈਲ 2012 ਤੋਂ ਲਾਗੂ

## *ਬੀ.ਸੀ. ਦੀਆਂ ਓਲਿੰਪਿਕ ਗੇਮਾਂ ਦੀ ਗਤੀ ਦੇ ਆਧਾਰ ਤੇ ਉਸਾਰੀ*

ਸੰਨ 2001 ਤੋਂ ਲੈ ਕੇ ਬੀ.ਸੀ. ਸਰਕਾਰ ਨੇ:

» ਕਈ ਬਿਲੀਅਨ ਡਾਲਰਾਂ ਦੀ ਹਾਈਵੇ, ਬੰਦਰਗਾਹਾਂ ਅਤੇ ਹੋਰ ਇਨਫਰਾ ਸਟਰਚਰ ਉਸਾਰੀਆਂ ਵਿਚ ਨਿਵੇਸ਼ ਕੀਤੀ ਜਿਸ ਨਾਲ ਸਾਡਾ ਪੈਸਿਫਿਕ ਗੇਟਵੇਅ ਖੁਲ੍ਹ ਜਾਂਦਾ ਹੈ ਅਤੇ ਇਹ ਸਾਨੂੰ ਗਲੋਬਲ ਮੰਡੀਆਂ ਨਾਲ ਜੋੜ ਦਿੰਦਾ ਹੈ,

» ਬਿਜ਼ਨਸ ਕਰਨ ਲਈ ਖਰਚੇ ਘਟਾਏ ਜੋ ਸੰਸਾਰ ਵਿਚ ਘੱਟ ਤੋਂ ਘੱਟ ਪੱਧਰ ਤੇ ਆ ਗਏ,

» ਬੀ.ਸੀ. ਦੀਆਂ ਫਰਸਟ ਨੇਸ਼ਨਜ਼ ਨਾਲ ਨਵੇਂ ਇਕਰਾਰਨਾਮੇ ਸਾਈਨ ਕੀਤੇ ਅਤੇ ਨਵੇਂ ਸੰਬੰਧ ਸਥਾਪਤ ਕੀਤੇ ਜਿਸ ਨਾਲ ਨਿਵੇਸ਼ ਅਤੇ ਵਿਕਾਸ ਲਈ ਨਵੀਂ ਨਿਸ਼ਚਤ ਸਥਿਤੀ ਪੈਦਾ ਹੋਈ, ਅਤੇ

» ਉਭਰ ਰਹੀਆਂ ਇਕਾਨੋਮੀਆਂ (ਆਰਥਿਕਤਾਵਾਂ) ਤੇ ਧਿਆਨ ਕੇਂਦਰਤ ਕਰ ਕੇ ਵਪਾਰ ਅਤੇ ਨਿਵੇਸ਼ ਦੀਆਂ ਭਾਈਵਾਲੀਆਂ ਨੂੰ ਵਿਕਸਤ ਕੀਤਾ।

ਅਗਲੇ ਸਾਲ ਜਦੋਂ ਮੰਡੀਆਂ ਮੁੜ ਪਹਿਲਾਂ ਵਾਲੀ ਹਾਲਤ ਵਿਚ ਆਉਣ ਲੱਗੀਆਂ ਤਾਂ ਜੰਗਲਾਤ ਦੇ ਮਹਿਕਮੇ ਤੋਂ 140 ਮਿਲੀਅਨ ਡਾਲਰ ਆਮਦਨ ਵਧਣ ਦੀ ਉਮੀਦ ਹੈ। ਅਤੇ ਸੂਬਾਈ ਸਰਕਾਰ ਇੰਡਸਟਰੀ ਨਾਲ ਕੰਮ ਕਰਦੀ ਰਹੇਗੀ ਜਿਸ ਨਾਲ ਵਿਕਾਸ ਦੇ ਨਵੇਂ ਵੈਲਯੂ-ਐਡਡ (ਮੁੱਲ-ਵਾਧਾ) ਮੌਕੇ ਮਿਲ ਸਕਣ।

ਤੇਲ ਅਤੇ ਗੈਸ ਦੇ ਸੈਕਟਰ ਵਿਚ ਅਸੀਂ ਸੂਬੇ ਦੇ ਸਟਿਮੁਲਸ ਪੈਕਿਜ ਤੋਂ ਨਿਕਲੇ ਵਧੀਆ ਨਤੀਜੇ ਦੇਖ ਸਕਦੇ ਹਾਂ ਜਿਨ੍ਹਾਂ ਵਿਚ ਉਹ ਰੋਇਲਟੀ ਇਨੀਸ਼ੀਏਟਿਵ (ਪਹਿਲ-ਕਦਮੀਆਂ) ਵੀ ਸ਼ਾਮਲ ਹਨ ਜਿਨ੍ਹਾਂ ਦਾ ਬੱਜਟ 2010 ਵਿਚ ਪੂਰਾ ਸਮਰਥਨ ਕੀਤਾ ਗਿਆ ਹੈ।

ਇਹਨਾਂ ਇਨੀਸ਼ੀਏਟਿਵਾਂ (ਪਹਿਲ-ਕਦਮੀਆਂ) ਅਤੇ ਮਜ਼ਬੂਤ ਹੋ ਰਹੀਆਂ ਮੰਡੀਆਂ ਸਦਕਾ ਅਗਲੇ ਤਿੰਨ ਸਾਲਾਂ ਵਿਚ ਸੂਬੇ ਦੀ ਕੇਵਲ ਨੈਚਰਲ ਗੈਸ ਦੀ ਆਮਦਨੀ ਵਿਚ ਹੀ 39 ਪ੍ਰਤਿਸ਼ਤ ਵਾਧਾ ਹੋਣ ਦੀ ਉਮੀਦ ਹੈ ਜੋ 2013 ਤੱਕ 1.2 ਬਿਲੀਅਨ ਡਾਲਰ ਤੱਕ ਪੁੱਜ ਜਾਵੇਗਾ।

ਵੈਨਕੂਵਰ ਵਿਚ ਸਰਦ ਰੁੱਤ ਦੀਆਂ 2010 ਓਲਿੰਪਿਕ ਅਤੇ ਪੈਰਾਲਿੰਪਿਕ ਗੇਮਾਂ ਦੌਰਾਨ ਸੰਸਾਰ ਦੀਆਂ ਅੱਖਾਂ ਸਾਡੇ ਸੂਬੇ ਤੇ ਟਿਕੀਆਂ ਰਹੀਆਂ ਜਿਸ ਨਾਲ ਸਾਨੂੰ ਬ੍ਰਿਟਿਸ਼ ਕੋਲੰਬੀਆ ਦੀਆਂ ਸੈਰ-ਸਪਾਟੇ ਵਾਲੀਆਂ ਅਦਭੁਤ ਥਾਵਾਂ, ਨਿੱਘੇ ਅਤੇ ਸਵਾਗਤ ਕਰਨ ਵਾਲੇ ਲੋਕ, ਇਨੋਵੇਟਿਵ (ਨਵੀਨਤਾਕਾਰੀ) ਉਦਯੋਗ, ਅਤੇ ਬਿਜ਼ਨਸ ਤੇ ਨਿਵੇਸ਼ ਕਰਨ ਲਈ ਪ੍ਰਮੁੱਖ ਮੌਕਿਆਂ ਦਾ ਵਿਖਾਵਾ ਕਰਨ ਦਾ ਅਵਸਰ ਮਿਲਿਆ।

ਓਲਿੰਪਿਕ ਗੇਮਾਂ ਦਾ ਤਜਰਬਾ ਕੇਵਲ ਇਕ ਮਹਾਨ ਜਸ਼ਨ ਹੀ ਨਹੀਂ ਜਿਸ ਵਰਗਾ ਸੂਬੇ ਨੇ ਪਹਿਲਾਂ ਕਦੇ ਨਾ ਮਨਾਇਆ ਹੋਵੇ, ਸਗੋਂ ਨਵੀਆਂ ਭਾਈਵਾਲੀਆਂ ਸ਼ੁਰੂ ਕਰਨ, ਅੰਤਰਰਾਸ਼ਟਰੀ ਨਿਵੇਸ਼ ਅਤੇ ਬਿਜ਼ਨਸ ਕਰਨ ਵਾਲਾ ਅਵਸਰ ਵੀ ਹੈ ਜੋ ਬ੍ਰਿਟਿਸ਼ ਕੋਲੰਬੀਆ ਨੂੰ ਹੋਰ ਆਰਥਕ ਵਿਕਾਸ ਅਤੇ ਖੁਸ਼ਹਾਲੀ ਵੱਲ ਲੈ ਜਾਵੇਗਾ।

*ਸੰਨ 2010 ਦੀਆਂ ਸਰਦ ਰੁੱਤ ਦੀਆਂ ਗੇਮਾਂ ਨੇ ਸਾਡੇ ਸੂਬੇ ਦਾ ਪ੍ਰਦਰਸ਼ਨ ਕਰਨ ਲਈ, ਅਤੇ ਇਹ ਦੱਸਣ ਲਈ ਕਿ ਇਹ ਨਿਵੇਸ਼ ਲਈ, ਰਹਿਣ ਲਈ, ਕੰਮ ਅਤੇ ਛੁੱਟੀਆਂ ਲਈ ਆਦਰਸ਼ਕ ਸਥਾਨ ਕਿਉਂ ਹੈ, ਇਕ ਸੁਨਹਿਰੀ ਮੌਕਾ ਪ੍ਰਦਾਨ ਕੀਤਾ ਹੈ। ਇਹ ਅਜਿਹਾ ਵਿਰਸਾ ਹੈ ਜੋ ਬ੍ਰਿਟਿਸ਼ ਕੋਲੰਬੀਆ ਦੀਆਂ ਆਉਣ ਵਾਲੀਆਂ ਪੁਸ਼ਤਾਂ ਲਈ ਆਰਥਕ ਲਾਭ ਪੈਦਾ ਕਰੇਗਾ।*

*ਸਾਡੇ ਸੂਬੇ ਅਤੇ ਸਾਡੇ ਲੋਕਾਂ ਕੋਲ ਬੇ-ਪਨਾਹ ਸਮਰਥਾਵਾਂ ਹਨ। ਹੁਣ ਜਦੋਂ ਅਸੀਂ ਰੀਕਵਰੀ ਦੇ ਸੰਕੇਤ ਦੇਖ ਰਹੇ ਹਾਂ ਤਾਂ ਹੁਣ ਇਹ ਠੀਕ ਸਮਾਂ ਹੈ ਜਦੋਂ ਸਾਨੂੰ ਉਤਸ਼ਾਹ ਅਤੇ ਮਾਣ, ਜੋ ਬ੍ਰਿਟਿਸ਼ ਕੋਲੰਬੀਆ ਦਾ ਹਮੇਸ਼ਾ ਹਿੱਸਾ ਰਿਹਾ ਹੈ, ਨੂੰ ਤਾਜ਼ਾ ਕਰਨਾ ਚਾਹੀਦਾ ਹੈ ਅਤੇ ਨਵੀਂ ਸ਼ਕਤੀ ਨਾਲ ਭਰਨਾ ਚਾਹੀਦਾ ਹੈ।*

## *ਹੋਰ ਜਾਣਕਾਰੀ ਲਈ*

ਬੱਜਟ 2010 ਦਾ ਵਿਸਥਾਰ ਜਾਣਨ ਲਈ ਮਿਹਰਬਾਨੀ ਕਰਕੇ ਦੇਖੋ:
www.bcbudget.ca

*ਮਨਿਸਟਰੀ ਔਫ਼ ਫਾਇਨੈਂਸ (Ministry of Finance)*
ਵੈਨਕੂਵਰ: 604-660-4524
ਟੋਲ-ਫ੍ਰੀ ਬੀ.ਸੀ.: 1-877-388-4440
www.gov.bc.ca/contacts
www.gov.bc.ca/fin

*ਇਨਕਵਾਇਰੀ ਬੀ.ਸੀ. (Enquiry BC)*
(ਸੂਬਾਈ ਸਰਕਾਰ ਦੀ ਕਿਸੇ ਵੀ ਸੇਵਾ ਜਾਂ ਪ੍ਰੋਗਰਾਮ ਦੀ ਜਾਣਕਾਰੀ ਲਈ)
ਸੋਮਵਾਰ ਤੋਂ ਸ਼ੁਕਰਵਾਰ ਤੱਕ: 7:30 ਵਜੇ ਸਵੇਰ ਤੋਂ 5:00 ਵਜੇ ਸ਼ਾਮ ਤੱਕ
ਵਿਕਟੋਰੀਆ: 250-387-6121
ਵੈਨਕੂਵਰ: 604-660-2421
ਬੀ.ਸੀ. ਵਿਚ ਹੋਰ ਥਾਵਾਂ ਤੇ: 1-800-663-7867
ਬੀ.ਸੀ. ਤੋਂ ਬਾਹਰ: 604-660-2421
ਕੰਨਾਂ ਤੋਂ ਬਹਿਰਿਆਂ ਲਈ ਟੈਲੀਫ਼ੋਨ ਯੰਤਰ (ਟੀ.ਡੀ.ਡੀ.) ਬੀ.ਸੀ. ਵਿਚ: 1-800-661–8773
www.servicebc.gov.bc.ca

BRITISH COLUMBIA
The Best Place on Earth

This paper contains post consumer recycled fiber. Production of this document included best practises for conservation resulting in environmental savings of: 54 kilograms of post-consumer waste used instead of virgin fiber, 29 kilograms of solid waste reduced, 269 litres of water reduced, 93 kilowatt hours of electricity reduced, and 54 kilograms of greenhouse gases reduced. Please Recycle.